ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 05 ਅਕਤੂਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਲਾਇਨਜ਼ ਕਲੱਬ ਫਰੀਦਕੋਟ ਨੇ ਫਰੂਟ ਵੰਡ ਕੇ ਮਨਾਇਆ ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਜੀ ਦਾ ਜਨਮ ਦਿਨ...ਮੋਹਿਤ ਗੁਪਤਾ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਧਾਨ

ਫਰੀਦਕੋਟ 5 ਅਕਤੂਬਰ : ਬੀਤੇ ਦਿਨੀ ਲਾਇਨਜ਼ ਕਲੱਬ ਫਰੀਦਕੋਟ ਦੇ ਪ੍ਰਧਾਨ ਮੋਹਿਤ ਗੁਪਤਾ ਦੀ ਰਹਿਨੁਮਾਈ ਹੇਠ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਜੀ ਦਾ ਜਨਮ ਦਿਨ ਸਥਾਨਕ ਸਿਵਲ ਹਸਪਤਾਲ ਫਰੀਦਕੋਟ ਵਿਖੇ ਜੱਚਾ ਬੱਚਾ ਵਿਭਾਗ ਵਿਖੇ ਮਰੀਜ਼ਾਂ ਨੂੰ ਫਲ ਫਰੂਟ ਵੰਡ ਕੇ ਮਨਾਇਆ ਗਿਆ। ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰ ਜਿੰਨਾ ਵਿੱਚ ਲਾਇਨ ਪ੍ਰਦੁਮਣ ਸਿੰਘ ਖਾਲਸਾ, ਬਿਕਰਮਜੀਤ ਸਿੰਘ ਢਿੱਲੋਂ ਸੈਕਟਰੀ, ਚੰਦਨ ਕੱਕੜ ਖਜਾਨਚੀ,ਗੁਰਚਰਨ ਸਿੰਘ ਗਿੱਲ, ਕੇ.ਪੀ.ਸਿੰਘ ਸਰਾਂ,ਗਿਰੀਸ਼ ਸੁਖੀਜਾ,ਗੁਰਮੇਲ ਜੱਸਲ, ਲੁਕਿੰਦਰ ਸ਼ਰਮਾ, ਹਰਜੀਤ ਸਿੰਘ ਲੈਕਚਰਾਰ,ਐਡਵੋਕੇਟ ਡਾਕਟਰ ਕੇ.ਸੀ.ਗੁਪਤਾ ਅਤੇ ਐਡਵੋਕੇਟ ਸ਼ੁਤੀਸ਼ ਚਾਵਲਾ ਆਦਿ ਮੈਂਬਰ ਹਾਜ਼ਰ ਸਨ। ਇਸ ਅਵਸਰ ਤੇ ਪ੍ਰਦੁਮਣ ਸਿੰਘ ਖਾਲਸਾ ਨੇ ਸਾਰੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤੇ ਤੇ ਗਾਂਧੀ ਜੈਯੰਤੀ ਤੇ ਸ਼ਾਸ਼ਤਰੀ ਜੀ ਦੇ ਜਨਮ ਦਿਨ ਤੇ ਸਾਰਿਆ ਨੂੰ ਵਧਾਈ ਦਿੱਤੀ ਤੇ ਕਿਹਾ ਇਹਨਾਂ ਮਹਾਨ ਵਿਅਕਤੀਆਂ ਨੇ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਹੈ। ਜਿੰਨਾਂ ਦੀ ਬਦੌਲਤ ਅੱਜ ਅਸੀਂ ਅਜ਼ਾਦੀ ਦਾ ਨਿੱਘ ਮਾਨ ਰਹੇ ਹਾਂ।

ਸਾਹਿਤ ਵਿਗਿਆਨ ਕੇਂਦਰ ਵੱਲੋਂ ਡਾ. ਸਤੀਸ਼ ਠੁਕਰਾਲ ਸੋਨੀ ਦਾ ਰੂ-ਬ-ਰੂ

ਵਰਲਡ ਪੰਜਾਬੀ ਟਾਈਮਜ਼
ਦਵਿੰਦਰ ਕੌਰ ਢਿੱਲੋਂ

ਚੰਡੀਗੜ੍ਹ 5 ਅਕਤੂਬਰ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਟੀ.ਐੱਸ.ਸੈਂਟਰਲ ਸਟੇਟ ਲਾਇਬ੍ਰੇਰੀ ਸੈਕਟਰ 17 ਚੰਡੀਗੜ੍ਹ ਵਿਖੇ ਡਾ. ਸਤੀਸ਼ ਕੁਮਾਰ ਠੁਕਰਾਲ ਸੋਨੀ(ਸਾਹਿਤਕਾਰ,ਅਦਾਕਾਰ,ਮੰਚ ਸੰਚਾਲਕ ,ਫਿਲਮ ਸਕ੍ਰਿਪਟ ਲੇਖਕ ਅਤੇ ਮੈਡੀਕਲ ਡਾਕਟਰ) ਦਾ ਰੂ-ਬ-ਰੂ ਕਰਵਾਇਆ ਗਿਆ । ਪ੍ਰਧਾਨਗੀ ਮੰਡਲ ਵਿੱਚ ਡਾ. ਸਤੀਸ਼ ਠੁਕਰਾਲ ਸੋਨੀ,ਡਾ. ਮਨਜੀਤ ਬੱਲ,ਡਾ. ਗੁਰਵਿੰਦਰ ਅਮਨ,ਗੁਰਦਰਸ਼ਨ ਸਿੰਘ ਮਾਵੀ ਤੇ ਦਵਿੰਦਰ ਕੌਰ ਢਿੱਲੋਂ ਸ਼ੁਸ਼ੋਭਿਤ ਸਨ। ਸੰਸਥਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਇਸ ਸਮਾਗਮ ਦੀ ਰੂਪ-ਰੇਖਾ ਬਾਰੇ ਚਾਨਣਾ ਪਾਇਆ। ਸੀਨੀਅਰ ਮੀਤ ਪ੍ਰਧਾਨ ਪਰਮਜੀਤ ਕੌਰ ਪਰਮ ਨੇ ਡਾ. ਸਤੀਸ਼ ਠੁਕਰਾਲ ਸੋਨੀ ਦੇ ਜੀਵਨ ਅਤੇ ਉਹਨਾਂ ਦੀਆਂ ਲਿਖਤਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਪ੍ਰੋਗਰਾਮ ਦੀ ਸ਼ੁਰੂਆਤ ਸੁਰਜੀਤ ਸਿੰਘ ਧੀਰ ਵੱਲੋਂ ਗੁਰਦਰਸ਼ਨ ਸਿੰਘ ਮਾਵੀ ਦੀ ਪੁਸਤਕ ਵਿੱਚੋਂ ਇੱਕ ਖੂਬਸੂਰਤ ਰਚਨਾ ਗਾਇਨ ਕਰਨ ਨਾਲ ਹੋਈ। ਬਲਵਿੰਦਰ ਢਿੱਲੋਂ,ਪ੍ਰਿੰਸੀਪਲ ਦਰਸ਼ਨਾ ਸੁਭਾਸ਼ ਪਾਹਵਾ,ਤਰਸੇਮ ਸਿੰਘ ਕਾਲੇਵਾਲ,ਸੁਰਿੰਦਰ ਸੋਹਣਾ ਰਾਜੇਵਾਲੀਆ, ਰਤਨ ਬਾਬਕ ਵਾਲਾ,ਗੁਰਦਾਸ ਦਾਸ ਤੇ ਖੁਸ਼ੀ ਰਾਮ ਨਿਮਾਣਾ ਨੇ ਬੁਲੰਦ ਅਵਾਜ਼ ਨਾਲ ਤਰੰਨੁਮ ਵਿੱਚ ਆਪਣੀਆਂ ਰਚਨਾਂਵਾਂ ਸਾਂਝੀਆਂ ਕੀਤੀਆਂ। ਦਵਿੰਦਰ ਕੌਰ ਢਿੱਲੋਂ ਨੇ ਵੀ ਡਾ. ਸੋਨੀ ਦੀ ਪੁਸਤਕ ਵਿੱਚੋਂ ਇੱਕ ਖੂਬਸੂਰਤ ਗਜ਼ਲ ਸਰੋਤਿਆਂ ਦੀ ਨਜ਼ਰ ਕੀਤੀ। ਬਲਜੀਤ ਕੌਰ ਢਿੱਲੋਂ,ਰਜਿੰਦਰ ਰੇਠੂ,ਪਾਲ ਅਜਨਬੀ,ਅੰਮ੍ਰਿਤ ਸੋਨੀ ਤੇ ਦੀਪਇੰਦਰ ਸਿੰਘ ਨੇ ਆਪਣੀਆਂ ਕਵਿਤਾਂਵਾਂ ਨਾਲ ਖੂਬ ਵਾਹ ਵਾਹ ਖੱਟੀ। ਡਾ. ਸਤੀਸ਼ ਠੁਕਰਾਲ ਸੋਨੀ ਨੇ ਆਪਣੇ ਰੂ-ਬ-ਰੂ ਵਿੱਚ ਆਪਣੀਆਂ ਪਸੰਦੀਦਾ ਰਚਨਾਵਾਂ

ਨਜ਼ਰ,ਸਕੂਨ,ਰਾਧਾ ਤੇ ਹਨੇਰ ਤੇ ਚਾਨਣ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੀਆਂ। ਉਨ੍ਹਾਂ ਨੇ ਸਾਹਿਤ ਵਿਗਿਆਨ ਕੇਂਦਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਇੱਕ ਬਹੁਤ ਹੀ ਸਤਿਕਾਰਤ ਅਤੇ ਇਮਾਨਦਾਰ ਸੰਸਥਾ ਹੈ, ਤੇ ਨਾਲ ਹੀ ਇਹ ਵੀ ਕਿਹਾ ਕਿ ਜਿੰਨਾ ਚਿਰ ਅਸੀਂ ਪੜ੍ਹਦੇ ਨਹੀਂ ਉੱਨਾਂ ਚਿਰ ਚੰਗੇ ਸਾਹਿਤਕਾਰ ਨਹੀਂ ਬਣ ਸਕਦੇ ।ਉਨ੍ਹਾਂ ਨੇ ਆਪਣੇ ਜੀਵਨ ,ਸਾਹਿਤਕ ਅਤੇ ਅਦਾਕਾਰੀ ਦੇ ਸਫ਼ਰ ਬਾਰੇ ਬਹੁਤ ਹੀ ਵਿਸਥਾਰ ਨਾਲ ਚਾਨਣਾ ਪਾਇਆ ਤੇ ਸਾਹਿਤਕਾਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਬਹੁਤ ਸੰਜੀਦਗੀ ਨਾਲ ਉੱਤਰ ਦਿੱਤੇ । ਅੱਜ ਦੇ ਮੁੱਖ ਮਹਿਮਾਨ ਡਾ.ਗੁਰਵਿੰਦਰ ਅਮਨ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਮੈਂ ਮੁੱਖ ਮਹਿਮਾਨ ਨਹੀਂ ਸਗੋਂ ਸਾਹਿਤ ਰਸੀਆਂ ਬਣ ਕੇ ਆਇਆ ਹਾਂ ਤੇ ਆਪਣੀ ਮਿੰਨੀ ਕਹਾਣੀ 'ਸ਼ਰਾਧ' ਦਰਸ਼ਕਾਂ ਨਾਲ ਸਾਂਝੀ ਕੀਤੀ। ਪ੍ਰਧਾਨਗੀ ਕਰ ਰਹੇ ਡਾ. ਮਨਜੀਤ ਬੱਲ ਨੇ ਸਾਰੇ ਕਵੀਆਂ ਵਲੋਂ ਪੇਸ਼ ਕੀਤੀਆਂ ਰਚਨਾਵਾਂ ਦਾ ਬਹੁਤ ਵਧੀਆ ਵਿਸ਼ਲੇਸ਼ਣ ਕੀਤਾ ਤੇ ਆਪਣੀ ਆਉਣ ਵਾਲੀ ਫ਼ਿਲਮ ਬਾਰੇ ਜਾਣਕਾਰੀ ਦਿੱਤੀ। ਆਰ.ਡੀ. ਪ੍ਰੋਡਕਸ਼ਨ(ਰੀਨਾ ਅਤੇ ਦਮਨਪ੍ਰੀਤ ਅਤੇ ਸਰਬਜੀਤ ਸਿੰਘ ਪੱਡਾ ਨੇ ਸਾਰੇ ਸਮਾਗਮ ਦੀ ਕਵਰੇਜ ਬਹੁਤ ਹੀ ਸੁੱਚਜੇ ਢੰਗ ਨਾਲ ਕੀਤੀ। ਅੰਤ ਵਿੱਚ ਡਾ. ਅਵਤਾਰ ਸਿੰਘ ਪਤੰਗ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਣ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ। ਇਸ ਤੋਂ ਇਲਾਵਾ ਭਰਪੂਰ ਸਿੰਘ,ਲਾਭ ਸਿੰਘ ਲਹਿਲੀ,ਹਰਜੀਤ ਸਿੰਘ,ਪ੍ਰਤਾਪ ਪਾਰਸ ਗੁਰਦਾਸਪੁਰੀ,ਰਜਿੰਦਰ ਧੀਮਾਨ ,ਤਰਨਦੀਪ ਸਿੰਘ ਤੇ ਉਹਨਾਂ ਦੀ ਪਤਨੀ,ਕਰਮ ਸਿੰਘ ਹਕੀਰ,ਗੋਵਰਧਨ ਗੱਬੀ,ਸੁਰਿੰਦਰ ਕੁਮਾਰ,ਮੰਦਰ ਗਿੱਲ ਸਾਹਿਬਚੰਦੀਆ,ਪਿਆਰਾ ਸਿੰਘ ਰਾਹੀ,ਚਰਨਜੀਤ ਸਿੰਘ ਕਲੇਰ,ਚਰਨਜੀਤ ਬਾਠ ਤੇ ਕਮਲ ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।

ਭਾਰਤੀ ਕਰੰਸੀ ਉੱਤੇ ਭਾਰਤ ਮਾਤਾ ਦੀ ਤਸਵੀਰ ਆਪਣੇ ਸੱਭਿਆਚਾਰ ਪ੍ਰਤੀ ਸਤਿਕਾਰ ਦਾ ਪ੍ਰਤੀਕ : ਹਰਦੀਪ ਸ਼ਰਮਾ

ਵਰਲਡ ਪੰਜਾਬੀ ਟਾਈਮਜ਼
ਟਿੱਕੂ ਕੁਮਾਰ

ਕੋਟਕਪੂਰਾ, 5 ਅਕਤੂਬਰ : ਭਾਰਤੀ ਜਨਤਾ ਪਾਰਟੀ ਦੀ ਕਿਸਾਨ ਮੋਰਚਾ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਸ੍ਰੀ ਹਰਦੀਪ ਸ਼ਰਮਾ ਨੇ ਕਿਹਾ ਕਿ ਦੇਸ਼ ਦੀ ਏਕਤਾ, ਅਖੰਡਤਾ, ਸਦਭਾਵਨਾ ਅਤੇ ਦੇਸ਼ ਦੀ ਤਰੱਕੀ ਲਈ ਬਿਨਾਂ ਕਿਸੇ ਸਵਾਰਥ ਤੇ ਕੰਮ ਕਰ ਰਹੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸਥਾਪਨਾ ਦੇ ਸੌਵੇਂ ਸਾਲ ਵਿੱਚ ਯਾਦਗਾਰੀ ਡਾਕ ਟਿਕਟ ਅਤੇ ਯਾਦਗਾਰੀ ਸਿੱਕਾ ਭਾਰਤੀ ਸੱਭਿਆਚਾਰ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ 100 ਰੁਪਏ ਦੇ ਸਿੱਕੇ ਦੇ ਇੱਕ ਪਾਸੇ ਰਾਸ਼ਟਰੀ ਚਿੰਨ ਹੈ ਅਤੇ ਦੂਜੇ ਪਾਸੇ ਭਾਰਤ ਮਾਤਾ ਦਾ ਵਿਸ਼ਾਲ ਅਕਸ ਤੇ ਉਹਨਾਂ ਨੂੰ ਸਮਰਪਣ ਭਾਵਨਾ ਨਾਲ ਸਿਜਦਾ ਕਰਦੇ ਹੋਏ ਸਵਯਮ ਸੇਵਕ ਦਿਖਾਈ ਦਿੰਦੇ ਹਨ। ਜੋ ਕਿ ਬਹੁਤ ਹੀ ਮਨਮੋਹਕ ਦ੍ਰਿਸ਼ ਸਿਰਜਦੇ ਹਨ। ਇਸ ਦੇ ਨਾਲ ਹੀ ਸੰਘ ਦੇ ਸਵਯਮ ਸੇਵਕ ਸਮਾਜ ਨੂੰ ਕਿਵੇਂ ਮਜਬੂਤ ਬਣਾ ਰਹੇ ਹਨ ਇਸ ਦੀ ਝਲਕ ਵੀ ਇਸ ਵਿਸ਼ੇਸ਼ ਡਾਕ ਟਿਕਟ ਉੱਪਰ ਦਰਸਾਈ ਗਈ ਹੈ। ਆਪਣੀ ਦੂਰ ਅੰਦੇਸ਼ੀ ਨਾਲ ਸੰਘ ਬਿਨਾਂ ਕਿਸੇ ਨਿੱਜੀ ਹਿੱਤ ਦੇ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਸਮਾਜ ਵਿੱਚ ਦੇਸ਼ ਦੀ ਤਰੱਕੀ ਲਈ ਕੰਮ ਕਰ ਰਿਹਾ ਹੈ। ਰਾਸ਼ਟਰੀ ਸਵਯਮ ਸੇਵਕ ਸੰਘ ਦੁਨੀਆਂ ਦਾ ਸਭ ਤੋਂ ਵੱਡਾ ਸੰਗਠਨ ਬਣ ਕੇ ਉਭਰਿਆ ਹੈ। ਅਜਿਹੇ ਵਿਸ਼ਾਲ ਸੰਗਠਨ ਸਮਾਜ ਦੀ ਸਿਰਜਣਾ ਅਤੇ ਸੇਵਾ ਵਿੱਚ ਹਮੇਸ਼ਾ ਤਤਪਰ ਰਹਿਣੇ ਚਾਹੀਦੇ ਹਨ ਜਿਸ ਨਾਲ ਕਿ ਆਉਣ ਵਾਲਿਆਂ ਪੀੜੀਆਂ ਨੂੰ ਸਹੀ ਸੇਧ ਮਿਲਦੀ ਰਹੇ। ਦੇਸ਼ ਦੇ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਬਚਾਉਣ ਵਿੱਚ ਅਤੇ ਅਗਾਂਹ ਵਧਾਉਣ ਵਿੱਚ ਸਵਯਮ ਸੇਵਕ ਸੰਘ ਦਾ ਬਹੁਤ ਵੱਡਾ ਹੱਥ ਹੈ। ਵੱਖ ਵੱਖ ਸ਼ਹਿਰਾਂ ਵਿੱਚ ਵੱਖ ਵੱਖ ਲਗਾਈਆਂ ਜਾ ਰਹੀਆਂ ਸ਼ਾਖਾਵਾਂ ਇਸ ਗੱਲ ਦਾ ਪ੍ਰਤੀਕ ਹਨ ਕਿ ਇਹ ਸੰਗਠਨ ਦੇਸ਼ ਦੀ ਨੌਜਵਾਨੀ ਨੂੰ ਸਿਹਤਮੰਦ ਅਤੇ ਚੁਸਤ ਫੁਰਤ ਦੇਖਣਾ ਚਾਹੁੰਦਾ ਹੈ। ਇਹਨਾਂ ਸ਼ਾਖਾਵਾਂ ਦੇ ਵਿੱਚ ਖੇਡਾਂ ਦੇ ਨਾਲ ਨਾਲ ਕਸਰਤਾਂ ਅਤੇ ਸਿਖਿਆਵਾਂ ਭਰਪੂਰ ਵਾਤਾਵਰਨ ਹੁੰਦਾ ਹੈ। ਸ੍ਰੀ ਹੇਜਗੇ ਵਾਰ ਜੀ ਤੋਂ ਲੈ ਕੇ ਅੱਜ ਤੱਕ ਸੰਗਠਨ ਦੇ ਵਿੱਚ ਕਦੇ ਵੀ ਕਿਸੇ ਵਿਅਕਤੀ ਵਿੱਚ ਹੀਣ ਭਾਵਨਾ ਜਾਂ ਇੱਕ ਦੂਜੇ ਪ੍ਰਤੀ ਦਵੈਸ਼ ਭਾਵਨਾ ਨਹੀਂ ਦੇਖੀ ਗਈ ਹੈ, ਅਤੇ ਇਹ ਪ੍ਰੇਮ ਅਤੇ ਸਮਰਪਣ ਦੀ ਭਾਵਨਾ ਹੀ ਸੰਗਠਨ ਨੂੰ ਅਗਾਹ ਤੋਰਨ ਵਿੱਚ ਮੋਹਰੀ ਸਿੱਧ ਹੋਈ ਹੈ। ਸ੍ਰੀ ਸ਼ਰਮਾ ਨੇ ਅੱਗੇ ਕਿਹਾ ਕਿ ਦੇਸ਼ ਦੇ ਹਰ ਨੌਜਵਾਨ ਨੂੰ ਅਜਿਹੇ ਸੰਗਠਨ ਦੇ ਨਾਲ ਜੁੜਨਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਨੂੰ ਸੰਸਕ੍ਰਿਤੀ ਨਾਲ ਜੋੜੀ ਰੱਖਣਾ ਚਾਹੀਦਾ ਹੈ। ਇਹ ਸੰਗਠਨ ਕਿਸੇ ਵੀ ਤਰਹਾਂ ਦੇ ਰੰਗ ਨਸਲ ਭੇਦ ਭਾਵ ਤੋਂ ਰਹਿਤ ਹੈ ਅਤੇ ਹਮੇਸ਼ਾ ਏਕਆਤਮ ਮਾਨਵਵਾਦ ਦੀ ਗੱਲ ਕਰਦਾ ਹੈ। ਸਾਰੇ ਧਰਮਾਂ ਅਤੇ ਸ੍ਰੇਣੀਆਂ ਨੂੰ ਇਕੱਠੇ ਲੈ ਕੇ ਚੱਲਣਾ ਹੀ ਇਸ ਸੰਗਠਨ ਦਾ ਮੁੱਖ ਟੀਚਾ ਹੈ ਦੇਸ਼ ਦੀ ਸੇਵਾ ਦੇ ਵਿੱਚ ਨੌਜਵਾਨੀ ਨੂੰ ਜੋੜੇ ਰੱਖਣਾ ਵੀ ਇਹ ਸੰਗਠਨ ਦੀ ਵਿਸ਼ੇਸ਼ਤਾ ਹੈ। ਪਿਛਲੇ ਦਿਨੀ ਭਾਰਤ ਦੀ ਕੇਂਦਰ ਸਰਕਾਰ ਨੇ ਸਿੱਕਾ ਤੇ ਟਿਕਟ ਜਾਰੀ ਕਰਕੇ ਭਾਰਤ ਮਾਤਾ ਦੀ ਤਸਵੀਰ ਨੂੰ ਉਸ ਦੇ ਉੱਪਰ ਲਗਾ ਕੇ ਦੇਸ਼ ਨੂੰ ਨਵੀਂ ਸੇਧ ਦੇਣ ਦੀ ਵਧੀਆ ਕੋਸ਼ਿਸ਼ ਕੀਤੀ ਹੈ, ਜਿਸ ਲਈ ਅਸੀਂ ਦੇਸ਼ ਦੇ ਮਾਨਯੋਗ ਪ੍ਰਧਾਨ ਮੰਤਰੀ ਅਤੇ ਉਹਨਾਂ ਦੀ ਪੂਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਧੰਨ ਧੰਨ ਬਾਬਾ ਬੁੱਢਾ ਜੀ ਜੋੜ ਮੇਲੇ ਨੂੰ ਸਮਰਪਿਤ ਫਰੀ ਮੈਡੀਕਲ ਕੈਂਪ ਆਯੋਜਿਤ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਧਾਨ

ਫਰੀਦਕੋਟ 5 ਅਕਤੂਬਰ : ਅੱਜ ਮੈਡੀਕਲ ਪ੍ਰੈਕਟੀਸ਼ਨਰ ਪੰਜਾਬ ਦੇ ਬਲਾਕ ਫਰੀਜਕੋਟ ਵੱਲੋਂ ਚੰਦ ਬਾਜਾ ਵਿਖੇ ਧੰਨ ਧੰਨ ਬਾਬਾ ਬੁੱਢਾ ਜੀ ਜੋੜ ਮੇਲੇ ਨੂੰ ਸਮਰਪਿਤ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਇਥੇ ਬਾਬਾ ਬੁੱਢਾ ਸਾਹਿਬ ਜਾਣ ਵਾਲੀ ਸੰਗਤਾਂ ਨੂੰ ਫਰੀ ਮੈਡੀਕਲ ਸੇਵਾਵਾਂ ਦੇਣ ਲਈ ਚਾਰ ਦਿਨਾਂ ਦਾ ਮਿਤੀ 4 ਅਕਤੂਬਰ 25 ਤੋਂ 7 ਅਕਤੂਬਰ 25 ਤੱਕ ਦੇ ਮੇਲੇ ਨੂੰ ਸਮਰਪਿਤ ਲਗਾਇਆ ਗਿਆ ਜਿਸ ਵਿੱਚ ਜਿਲਾ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ ਸੰਧੂ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਥੇ ਬਾਕੀ ਡਾਕਟਰ ਸਾਥੀਆਂ ਨੇ ਵੀ ਸ਼ਮੂਲੀਅਤ ਕੀਤੀ ਇਸ ਵਿੱਚ ਡਾਕਟਰ ਅੰਮ੍ਰਿਤ ਪਾਲ ਸਿੰਘ ਟਹਿਣਾ ਬਲਾਕ ਪ੍ਰਧਾਨ, ਡਾ ਰਛਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ, ਡਾਕਟਰ ਬਲਦੇਵ ਸਿੰਘ ਸਰਪੰਚ ਜੰਡ ਵਾਲਾ, ਡਾਕਟਰ ਜਗਮੇਲ ਸਿੰਘ ਪਿੰਡ ਚੰਦਬਾਜਾ, ਡਾਕਟਰ ਹਰਭਜਨ ਸਿੰਘ ਮੰਡ, ਡਾਕਟਰ ਬੁਟਾ ਸਿੰਘ ਖਾਲਸਾ ਧੂੜਕੋਟ, ਡਾਕਟਰ ਸੁਭਾਸ਼ ਚੰਦਰ ਮੰਡਵਾਲਾ, ਡਾਕਟਰ ਜਗਦੀਸ਼ ਦੁਆ ਫਰੀਦਕੋਟ, ਡਾਕਟਰ ਜਸਪਾਲ ਸਿੰਘ ਨੰਬਰਦਾਰ ਚੰਦ ਬਾਜਾ, ਡਾਕਟਰ ਕੁਲਵੰਤ ਸਿੰਘ ਜਨਰਲ ਸੈਕਟਰੀ, ਡਾਕਟਰ ਗੁਰਵਿੰਦਰ ਸਿੰਘ ਟਹਿਣਾ, ਡਾਕਟਰ ਰਜਿੰਦਰ ਅਰੇੜਾ, ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਸ਼ਾਮਿਲ ਹੋਏ ਇਹ ਜਾਣਕਾਰੀ ਡਾਕਟਰ ਯਸ਼ਪਾਲ ਗੁਲਾਟੀ ਪ੍ਰੈਸ ਸਕੱਤਰ ਨੇ ਦਿੱਤੀ ਅਤੇ ਪਹਿਲੇ ਦਿਨ ਹਾਜ਼ਰੀ ਲਗਾਈ।

ਹੜ੍ਹਾਂ ਦੀ ਮਾਰ ਵਿੱਚ ਆਏ ਸਰਕਾਰੀ ਸਕੂਲਾਂ ਦੇ ਵਿਆਰਥੀਆਂ ਨੂੰ ਰਾਹਤ ਦੇਣ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਮੁੱਖ ਮੰਤਰੀ ਦੇ ਨਾਂ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਧਰਮਵੰਦ

ਸੰਗਰੂਰ 5 ਅਕਤੂਬਰ : ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਵੱਖ ਵੱਖ ਇਕਾਈਆਂ ਦੇ ਇੱਕ ਵਫ਼ਦ ਨੇ ਅੱਜ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਹੜ੍ਹਾਂ ਦੀ ਮਾਰ ਵਿੱਚ ਆਏ ਕਿਰਤੀ, ਕਾਮਿਆਂ, ਛੋਟੇ ਕਿਸਾਨਾਂ ਅਤੇ ਦੁਕਾਨਦਾਰਾਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਰਾਹਤ ਦੇਣ ਲਈ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਜਿੱਥੇ ਪੰਜਾਬ ਭਰ ਚੋਂ ਸਹਾਇਤਾ ਇਕੱਠੀ ਕਰਕੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਸਕੂਲੀ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਵੰਡਿਆਂ ਜਾ ਰਿਹਾ ਹੈ ਉੱਥੇ ਪੰਜਾਬ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦੀਆਂ ਫ਼ੀਸਾਂ ਨੂੰ ਮਾਫ ਕਰਨ ਦੇ ਮੰਗ ਪੱਤਰ ਪੂਰੇ ਪੰਜਾਬ ਵਿੱਚ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਸੰਗਰੂਰ ਵੱਲੋਂ ਇਸ ਮੰਗ